GENERAL SHIVDEV SINGH DIWAN GURBACHAN SINGH

# KHALSA COLLEGE PATIALA

## AN AUTONOMOS COLLEGE

SAHIT SABHA

PUNJABI DEPATMENT

Students Attendance in Co-curricular Activities

Session – 2017-18

Name of Activity - Trilingual Poetry court dedicated to Basant Panchami
Coordinator - Prof.Paramjit Kaur
Convener - - Dr.Davinder Singh
Date - 22. Jan. 2018
No. of the Students Participated – 150






ਨਾਨਕ ਤਿਨਾ ਬਸੰਤੁ ਹੈ ਜਿਨ ਘਰ ਵਸਿਆ ਕੰਤੁ ॥
ਖ਼ਾਲਸਾ ਕਾਲਜ ਪਟਿਆਲਾ
An Autonomous College
ਬਸੰਤ ਪੰਚਮੀ ਦੇ ਵਿਸ਼ੇਸ਼ ਅਵਸਰ 'ਤੇ
ਤ੍ਰੈ-ਭਾਸ਼ੀ ਕਵੀ ਦਰਬਾਰ
ਮਿਤੀ : 22 ਜਨਵਰੀ, 2018


ਨਾਨਕ ਤਿਨਾ ਬਸੰਤੁ ਹੈ ਜਿਨ ਘਰ ਵਸਿਆ ਕੰਤੁ ॥
ਖ਼ਾਲਸਾ ਕਾਲਜ ਪਟਿਆਲਾ
An Autonomous College
ਬਸੰਤ ਪੰਚਮੀ ਦੇ ਵਿਸ਼ੇਸ਼ ਅਵਸਰ 'ਤੇ
ਤ੍ਰੈ-ਭਾਸ਼ੀ ਕਵੀ ਦਰਬਾਰ
ਮਿਤੀ : 22 ਜਨਵਰੀ, 2018

# ਖ਼ਾਲਸਾ ਕਾਲਜ ਦੇ ਵਿਹੜੇ ਵਿਚ ਬਸੰਤ ਰੁੱਤ ਦੀ ਆਮਦ ’ਤੇ ਹੋਇਆ ਕਵੀ-ਦਰਬਾਰ

## -‘ਖ਼ੂਨ ਦੇ ਕੇ ਹਮ ਸਜਾਏਂਗੇ ਅਪਣੇ ਜਹਾਨ ਕੋ, ਮਰ ਕਰ ਭੀ ਜ਼ਿੰਦਾ ਰੱਖੇਂਗੇ ਹਿੰਦੁਸਤਾਨ ਕੋ’



ਪਟਿਆਲਾ, 23 ਜਨਵਰੀ (ਪ੍ਰਵਾਸੀ/ਰੁਪਾਣਾ) : ਖ਼ਾਲਸਾ ਕਾਲਜ ਪਟਿਆਲਾ ਵੱਲੋਂ ਬਸੰਤ ਰੁੱਤ ਦੀ ਆਮਦ ’ਤੇ ਬਸੰਤ ਪੰਚਮੀ ਨੂੰ ਸਮਰਪਿਤ ਤ੍ਰੈ-ਭਾਸ਼ੀ ਕਵੀ-ਦਰਬਾਰ ਕਰਵਾਇਆ ਗਿਆ। ਜੋ ਸਾਰਿਆਂ ਦੇ ਮਨਾਂ ’ਤੇ ਡੂੰਘੀ ਛਾਪ ਛੱਡ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਆਏ ਹੋਏ ਮਹਿਮਾਨਾਂ ਨੂੰ ‘ਜੀ ਆਇਆਂ ਨੂੰ’ ਕਰਦੇ ਹੋਏ ਕਿਹਾ ਕਿ ਤਿੰਨਾਂ ਵਿਭਾਗਾਂ ਦਾ ਇਹ ਉੱਦਮ ਸ਼ਲਾਘਾਯੋਗ ਹੈ। ਅੱਜ ਸਮੇਂ ਦੀ ਜ਼ਰੂਰਤ ਹੈ ਕਿ ਇਹੋ-ਜਿਹੇ ਕਵੀ-ਸੰਮੇਲਨ ਕਰਵਾਏ ਜਾਣ ਤਾਂ ਜੋ ਨੌਜਵਾਨ ਪੀੜ੍ਹੀ ਇਨ੍ਹਾਂ ਤੋਂ ਦਿਸ਼ਾ ਲੈ ਕੇ ਭਵਿੱਖ ਨੂੰ ਉਜਵਲਾ ਬਣਾ ਸਕੇ। ਉਨ੍ਹਾਂ ਨੇ ਕਿਹਾ ਕਿ ਆਧੁਨਿਕ ਸਮੇਂ ਦੇ ਮਸ਼ੀਨੀ ਯੁੱਗ ਵਿਚ ਮਨੁੱਖ ਕਦਰਾਂ-ਕੀਮਤਾਂ ਨਾਲੋਂ ਟੁੱਟ ਰਿਹਾ ਹੈ। ਜਿਸ ਦਾ ਨਤੀਜਾ ਅਸੀਂ ਇਕ ਅਜਿਹੀ ਸੁਸਾਇਟੀ ਨੂੰ ਜਨਮ ਦੇ ਰਹੇ ਹਾਂ ਜਿਥੇ ਮਨੁੱਖੀ ਸੰਵੇਦਨਾਵਾਂ ਸਮਾਜ ਵਿਚੋਂ ਮਨਫ਼ੀ ਹੋ ਕੇ, ਸਮਾਜਿਕ ਤਵੱਜੋਂ ਵਿਗੜ ਰਿਹਾ ਹੈ। ਅਜਿਹੇ ਕਾਵਿ ਸੰਮੇਲਨਾਂ ਵਿਚ ਕਵੀ ਸਮਾਜ ਵਿਚਲੇ ਭਖਦੇ ਮਸਲਿਆਂ ਨੂੰ ਆਪਣੀ ਕਾਵਿ-ਪ੍ਰਤਿਭਾ ਰਾਹੀਂ ਲੋਕਾਈ ਤੱਕ ਪਹੁੰਚਾ ਕੇ ਉਨ੍ਹਾਂ ਨੂੰ ਚੇਤੰਨ ਕਰਦੇ ਹਨ।

ਇਸ ਕਵੀ-ਦਰਬਾਰ ਦਾ ਆਯੋਜਨ ਪੰਜਾਬੀ, ਹਿੰਦੀ ਅਤੇ ਉਰਦੂ ਵਿਭਾਗਾਂ ਵੱਲੋਂ ਸਾਂਝੇ ਤੌਰ ’ਤੇ ਕੀਤਾ ਗਿਆ ਅਤੇ ਇਸ ਵਿਚ ਪੰਜਾਬੀ, ਹਿੰਦੀ ਅਤੇ ਉਰਦੂ ਦੇ 09 ਸਿਰਮੌਰ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਪੇਸ਼ ਕੀਤੀਆਂ। ਕਵੀ-ਦਰਬਾਰ ਦਾ ਆਰੰਭ ਸ਼ਮਾ-ਰੌਸ਼ਨ ਨਾਲ ਹੋਇਆ ਤੇ ਸਭ ਤੋਂ ਪਹਿਲਾ ਸ੍ਰੀ ਕੁਲਦੀਪ ਦੀਪ ਨੇ “ਸੁਣੋ ਕਲਾ ਤੇ ਕਲਮ ਦੇ ਵਾਰਸੋ ਓਏ, ਤੁਹਾਡੇ ਬੋਲ ਕਿਉਂ ਥਥਲਾਉਣ ਲੱਗੇ”, ਸ੍ਰੀ ਸਲੀਮ ਜੁਵੇਰੀ ਨੇ “ਜ਼ੌਰੇ ਕੋ ਆਫ਼ਤਾਬ ਬਨਾਨੇ ਕੇ ਵਾਸਤੇ, ਮੈਂ ਖ਼ੁਦ ਜਲਾ ਚਰਾਗ ਜਲਾਨੇ ਕੇ ਵਾਸਤੇ”, ਡਾ. ਬਲਜਿੰਦਰ ਚੌਹਾਨ “ਦਰਦ ਵਿਚ ਵੀ ਅਜਬ ਖ਼ੁਮਾਰੀ ਹੈ, ਇਹ ਨਸ਼ਾ ਹਰ ਨਸ਼ੇ ’ਤੇ ਭਾਰੀ ਹੈ”, ਇੰਜੀ. ਪਰਵਿੰਦਰ ਸ਼ੋਖ “ਨਾਮ ਉਸ ਕਾ ਲਿਖ ਕੇ ਕਾਗਜ਼ ਪੇ ਫੇਰੀ ਉਂਗਲੀਆਂ, ਦੇਰ ਤੱਕ ਖ਼ੁਸ਼ਬੂ ਨਾ ਕਹੀਂ ਗਈ ਉਸ ਸ਼ਖ਼ਸ਼ ਕੀ” ਸ੍ਰੀਮਤੀ ਸੁਖਵਿੰਦਰ ਅੰਮ੍ਰਿਤ “ਕਦੇ ਬੁਝਦੀ ਜਾਂਦੀ ਉਮੀਦ ਸਾਂ, ਕਦੇ ਜਗ ਮਗਾਉਂਦਾ ਦੀਪ ਹਾਂ”, ਸ੍ਰੀ ਦਰਸ਼ਨ ਬੁੱਟਰ “ਜਦੋਂ ਮੈਂ ਸਿਕੰਦਰ ਸੀ ਤਾਂ ਰਾਹ ਦਿੱਤਾ ਦਰਿਆਵਾਂ ਨੇ, ਜਦੋਂ ਮੈਂ ਰਾਹ ਬਣਿਆ ਦਰਿਆ ਵੀ ਸਿਕੰਦਰ ਹੋ ਗਏ”, ਸ੍ਰੀਮਤੀ ਸੁਨੀਤਾ ਰੈਣਾ “ਮੈਂ ਇਕ ਦੁਕਾਨ ਹੂੰ ਟੂਟੇ ਹੂਏ ਖਿਲੌਣੋ ਕੀ, ਕਭੀ ਤੋ ਕਾਸ਼ ਕੋਈ ਦੇਖਣੇ ਕੋ ਆਏ ਮੁਝੇ”, ਮੁਕੇਸ਼ ਦਰਪਨ ਨੇ “ਖ਼ੂਨ ਦੇ ਕੇ ਹਮ ਸਜਾਏਂਗੇ ਅਪਣੇ ਜਹਾਨ ਕੋ, ਮਰ ਕਰ ਭੀ ਜ਼ਿੰਦਾ ਰੱਖਾਂਗੇ ਹਿੰਦੁਸਤਾਨ ਕੋ” ਇਸ ਤੋਂ ਇਲਾਵਾ ਸ੍ਰੀ ਸਾਗਰ ਸੂਦ, ਡਾ. ਹਰਵਿੰਦਰ ਕੌਰ ਵੱਖ-ਵੱਖ ਨਜ਼ਮਾਂ ਸੁਣਾ ਕੇ ਰੰਗ ਬੰਨ੍ਹਿਆ। ਡਾ. ਹਰਵਿੰਦਰ ਕੌਰ, ਮੁਖੀ, ਹਿੰਦੀ ਵਿਭਾਗ ਨੇ ਆਏ ਹੋਏ ਮਹਿਮਾਨਾਂ ਦਾ ਇਸ ਪ੍ਰੋਗਰਾਮ ਦੇ ਸਮਾਪਣ ਸਮਾਰੋਹ ਦੌਰਾਨ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਮਨੁੱਖ ਜਿੱਥੇ ਸਵੈ ਵੱਲ ਆਕਰਸ਼ਿਤ ਹੁੰਦਾ ਜਾ ਰਿਹਾ ਹੈ, ਉੱਥੇ ਉਸ ਨੂੰ ਕਵੀਆਂ ਨਾਲ ਰੂ-ਬ-ਰੂ ਕਰਵਾਉਣਾ ਜ਼ਰੂਰੀ ਹੈ ਕਿਉਂ ਜੋ ਕਵੀ ਹਿਰਦਾ ਵਿਸ਼ਾਲ ਅਤੇ ਵੇਦਨਾ ਭਰਿਆ ਹੁੰਦਾ ਹੈ। ਇਹੋ-ਜਿਹੇ ਪ੍ਰੋਗਰਾਮਾਂ ਦਾ ਮਕਸਦ ਹੀ ਮਨੁੱਖ ਨੂੰ ਸਵੈ ਤੋਂ ਉੱਪਰ ਉਠਾ ਕੇ ਲੋਕ-ਹਿਤਾਂ ਵੱਲ ਪ੍ਰੇਰਿਤ ਕਰਨਾ ਹੈ। ਇਸ ਸਮਾਰੋਹ ਵਿਚ ਕਾਲਜ ਦਾ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।